ਸਭ ਹਕ ਰਾਖਵੇਂ ਹਨ ਕੋਈ ਨਾ ਛਾਪੇ।

ੴ ਸਤਿਗੁਰ ਪ੍ਰਸਾਦਿ ॥

ਪੁਸਤਕ ਨੰਃ ੨

G.343

ਚੰਦ੍ਰਕਾਂਤਾ

ਦੂਜਾ ਭਾਗ

ਰਚਿਤ

ਲਾਲਾ ਦੇਵਕੀ ਨੰਦਨ ਜੀ ਖਤ੍ਰੀ ਬਨਾਰਸ

ਪੰਜਾਬੀ ਉਲਥਾਕਾਰ ਤੇ ਪ੍ਰਕਾਸ਼ਕ

ਭਾਈ ਸੁੰਦਰ ਸਿੰਘ ਹਕੀਮ

ਚੌਂਕ ਬਾਬਾ ਅਟੱਲ ਸ੍ਰੀ ਅੰਮ੍ਰਿਤਸਰ ਜੀ

ਮਿਲਨ ਦਾ ਪਤਾਃ-

ਭਾਈ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ ਬਜਾਰ ਮਾਈ ਸੇਵਾਂ ਅਮ੍ਰਿਤਸਰ

੧ ੴ ਸਤਿਗੁਰਪ੍ਰਸਾਦਿ ॥

ਪੁਸਤਕ ਨੰ: ੨

ਚੰਦ੍ਰਕਾਂਤਾਂ ਹਿੱਸਾ ਦੂਸਰਾ

੧ ਕਾਂਡ

ਓਸ ਆਦਮੀ ਨੂੰ ਸਭਨਾਂ ਨੇ ਦੇਖਿਆ ਪਰ ਹੈਰਾਨ ਸਨਕਿ ਏਹ ਕੌਣ ਹੈ, ਕਿਸਤਰਾਂ ਆਯਾ ਅਤੇ ਕੀ ਕਹਿ ਗਿਆ ਹੈ! ਤੇਜ ਸਿੰਘ ਨੇ ਜੋਰ ਨਾਲ ਕਿਹਾ ਕਿ "ਸਭ ਲੋਕ ਚੁਪ ਹੋ ਜਾਓ ਹੁਣ ਮੈਨੂੰ ਮਲੂੰਮ ਹੋ ਗਿਆ ਹੈ ਕਿ ਇਹ ਸਭ ਏਯਾਰੀ ਹੋਈ ਹੈ ਅਸਲਵਿਚ ਕੁਮਾਰੀ ਤੇ ਚਪਲਾ ਦੋਵੇਂ ਜੀਉਂਦੀਆਂ ਹਨ ਅਤੇ ਏਹ ਲੋਥਾਂ ਉਨ੍ਹਾਂ ਦੀਆਂ ਨਹੀ ਹਨ।"

ਤੇਜ ਸਿੰਘ ਦੀ ਗਲ ਸੁਣਕੇ ਸਭੇ ਤ੍ਰਬਕ ਉੱਠੇ ਅਰ ਝੱਟ ਚੁਪ ਚਾਂ ਹੋ ਗਈ ਸਭਨਾਂ ਨੇ ਰੋਣਾਂ ਧੋਣਾ ਛੱਡ ਦਿਤਾ ਅਰ ਤੇਜ ਸਿੰਘ ਦੇ ਮੂੰਹ ਵੱਲ ਵੇਖਣ ਲਗ ਪਏ। ਮਹਾਰਾਣੀ ਦੌੜਕੇ ਤੇਜ ਸਿੰਘ ਪਾਸ ਆਈ ਅਰ ਕਿਹਾ:—"ਪੁਤਰ ਛੇਤੀ ਦਸ ਜੋ ਏਹ ਕੀ ਗੱਲ ਹੈ ਤੁਸੀ ਕਿਸਤਰਾਂ ਕਹਿੰਦੇ ਹੋ ਕਿ ਚੰਦ੍ਰਕਾਂਤਾ ਜੀਉਂਦੀ ਹੈ ਅਤੇ ਏਹ ਕੌਣ ਸੀ ਜੋ ਅਚਾਨਕ ਮਹਲ ਵਿਚ ਵੜ ਆਯਾ ਹੈ?" ਤੇਜ ਸਿੰਘ ਨੇ ਕਿਹਾ ਏਹ ਤਾਂ ਮੈਨੂੰ ਪਤਾ ਨਹੀਂ ਜੋ ਏਹ ਕੌਣ ਸੀ ਪਰ ਏਨਾਂ ਪਤਾ ਲਗ ਗਿਆ ਹੈ ਜੋ ਚੰਦ੍ਰਕਾਂਤਾ ਤੇ ਚਪਲਾ ਨੂੰ ਸ਼ਿਵਦਤ ਦੇ ਏਯਾਰ ਚੁਰਾਕੇ ਲੈ

ਗਏ ਹਨ ਅਤੇ ਇਹ ਬਨਾਉਟੀ ਲੋਥ ਏਥੇ ਰਖ ਗਏ ਹਨ। ਜਿਸ ਕਰਕੇ ਸਭ ਲੋਕ ਏਹੋ ਜਾਣਨ ਕਿ ਓਹ ਮਰ ਗਈਆਂ ਹਨ ਤੇ ਢੂੰਡ ਨਾ ਕਰਨ। ਮਹਾਰਾਜ ਬੋਲੇ ਕਿ "ਇਹ ਕਿਸੇ ਤਰਾਂ ਮਲੂਮ ਹੋਵੇ ਕਿ ਇਹ ਬਨਾਉਟੀ ਲੋਥ ਹੈ?" ਤੇਜ ਸਿੰਘ ਨੇ ਕਿਹਾ ਕਿ ਏਸਦਾ ਪਤਾ ਤਾਂ ਹੁਣੇ ਲੱਗ ਜਾਂਦਾ ਹੈ। ਲਾਸ਼ ਦੇ ਪਾਸ ਚਲੋ ਮੈਂ ਹੁਣੇ ਦਸ ਦੇਂਦਾ ਹਾਂ। ਇਹ ਸੁਣਕ ਮਹਾਰਾਜ ਤੇਜ ਸਿੰਘ ਨੂੰ ਨਾਲ ਲੈਕੇ ਲਾਸ਼ ਦੇ ਪਾਸ ਗਏ। ਮਹਾਰਾਣੀ ਭੀ ਆ ਗਈ, ਤੇਜ ਸਿੰਘ ਨੇ ਖੰਜਰ ਕੱਢਕੇ ਚਪਲਾ ਦੀ ਲਾਸ਼ ਦੀ ਟੰਗ ਵੱਢ ਸੁਟੀ ਅਰ ਮਹਾਰਾਜ ਨੂੰ ਦਿਖਾਕੇ ਕਿਹਾ ਦੇਖੋ ਇਸ ਵਿਚ ਹੱਡੀ ਕਿਥੇ ਹੈ? ਮਹਾਰਾਜ ਨੇ ਧਿਆਨ ਨਾਲ ਦੇਖਕੇ ਕਿਹਾ ਕਿ ਠੀਕ ਬਨਾਉਟੀ ਲਾਸ਼ ਹੈ। ਏਸ ਤੋਂ ਪਿਛੋਂ ਚੰਦ੍ਰਕਾਂਤਾ ਦੀ ਲਾਸ਼ ਨੂੰ ਭੀ ਏਸ ਤਰਾਂ ਦੇਖਿਆ ਓਸਦੇ ਵਿਚ ਭੀ ਹੱਡੀ ਨਹੀਂ ਸੀ ਹੁਣ ਸਭਨਾ ਨੂੰ ਮਲੂਮ ਹੋ ਗਿਆ ਕਿ ਇਹ ਏਯਾਰੀ ਕੀਤੀ ਗਈ ਹੈ। ਮਹਾਰਾਜ ਬੋਲੇ ਹੱਛਾ ਏਹ ਤਾਂ ਮਲੂਮ ਹੋਇਆ ਕਿ ਚੰਦ੍ਰਕਾਂਤਾ ਜੀਉਂਦੀ ਹੈ ਪਰ ਦੁਸ਼ਮਨਾਂ ਦੇ ਹੱਥ ਪੈ ਗਈ ਏਸਦਾ ਗਮ ਕੁਝ ਘੱਟ ਹੈ? ਤੇਜ ਸਿੰਘ ਬੋਲਿਆ ਕੋਈ ਹਰਜ ਨਹੀਂ ਹੁਣ ਤਾਂ ਜੋ ਹੋਣਾ ਸੀ ਸੋ ਹੋ ਚੁਕਾ ਮੈਂ ਚੰਦ੍ਰਕਾਂਤਾ ਤੇ ਚਪਲਾ ਨੂੰ ਲੱਭਕੇ ਛਡਾਂਗਾ। ਤੇਜ ਸਿਘ ਦੇ ਸਮਝਾਉਨ ਨਾਲ ਸਭਨਾਂ ਨੂੰ ਕੁਝ ਧੀਰਜ ਹੋਈ। ਕੌਰ ਬੀਰੇਂਦ੍ਰ ਸਿੰਘ ਬੇਹੋਸ਼ ਪਏ ਹਨ ਉਨ੍ਹਾਂ ਨੂੰ ਏਨਾਂ ਗੱਲਾਂ ਦੀ ਕੋਈ ਖਬਰ ਹੀ ਨਹੀਂ, ਹੁਣ ਮਹਾਰਾਜ ਨੂੰ ਇਹ ਫਿਕਰ ਪਿਆ ਕਿ ਕਿਸਤਰਾਂ ਕੁਮਾਰ ਨੂੰ ਹੋਸ਼ ਵਿਚ ਲਿਆਉਣਾ ਚਾਹੀਦਾ ਹੈ ਵੈਦ ਸਦੇ ਗਏ ਸਭਨਾਂ ਨੇ ਬਥੇਰੇ ਜਤਨ ਕੀਤੇ ਪਰ ਕੁਮਾਰ ਨੂੰ ਹੋਸ਼ ਨ ਆਈ ਤੇਜ ਸਿੰਘ ਜੀ ਭੀ ਅਪਨਾ ਜਤਨ ਲਾ ਚੁਕੇ ਪਰ ਕੋਈ ਪੇਸ਼ ਨਾ ਗਈ ਇਹ ਦੇਖਕੇ

ਮਹਾਰਾਜ ਬਹੁਤ ਹੀ ਘਬਰਾਏ ਅਰ ਤੇਜ ਸਿੰਘ ਨੂੰ ਕਿਹਾ ਕਿ ਹੁਣ ਕੀ ਕੀਤਾ ਜਾਵੇ? ਬਹੁਤ ਚਿਰ ਸੋਚਕੇ ਤੇਜ ਸਿੰਘ ਨੇ ਕਿਹਾ ਕੁਮਾਰ ਨੂੰ ਚਕਾਕੇ ਏਹਨਾਂ ਦੇ ਰਹਿਣ ਵਾਲੇ ਕਮਰੇ ਵਿਚ ਭੇਜ ਦੇਣਾ ਚਾਹੀਦਾ ਹੈ ਓਥੇ ਮੈ ਇਕਾਂਤ ਵਿਚ ਏਹਨਾਂ ਦਾ ਇਲਾਜ ਕਰਾਂਗਾ, ਇਹ ਸੁਣ ਮਹਾਰਾਜ ਨੇ ਆਪ ਚੁਕਣਾ ਚਾਹਿਆ ਪਰ ਤੇਜ ਸਿੰਘ ਓਹਨਾਂ ਨੂੰ ਚਕਕੇ ਉਨਾਂ ਦੇ ਰਹਿਣ ਵਾਲੇ ਕਮਰੇ ਵਿਚ ਲੈ ਗਿਆ। ਮਹਾਰਾਜ ਭੀ ਨਾਲ ਤੁਰੇ ਪਰ ਤੇਜ ਸਿੰਘ ਨੇ ਕਿਹਾ ਤੁਸੀ ਏਥੇ ਠਹਿਰੋ, ਮੈਂ ਕਲਾ ਹੀ ਏਨਾਂ ਦਾ ਇਲਾਜ ਕਰਾਂਗਾ, ਮਹਾਰਾਜ ਓਥੇ ਹੀ ਠਹਿਰ ਗਏ ਤੇਜ ਸਿੰਘ ਕੁਮਾਰ ਨੂੰ ਲੈਕੇ ਓਨਾਂ ਦੇ ਕਮਰੇ ਵਿਚ ਪਹੁੰਚੇ ਅਰ ਪਲੰਘ ਉਤੇ ਲਿਟਾ ਦਿਤਾ ਅਰ ਸਭ ਬੂਹੇ ਬੰਦ ਕਰ ਦਿਤੇ ਅਰ ਓਨਾਂ ਦੇ ਕੰਨ ਨਾਲ ਮੂੰਹ ਲਾਕੇ ਕਿਹਾ—"ਚੰਦ੍ਰਕਾਂਤਾ ਮੋਈ ਨਹੀਂ ਜੀਉਂਦੀ ਹੈ ਔਹ ਦੇਖੋ ਸ਼ਿਵਦਤ ਦੇ ਏਯਾਰ ਓਹਨੂੰ ਲਈ ਜਾਂਦੇ ਹਨ ਛੇਤੀ ਦੌੜਕੇ ਖੋਹ ਲਵੋ ਨਹੀਂ ਤਾਂ ਬੱਸ ਲੈ ਹੀ ਜਾਣਗੇ, ਕੀ ਬਹਾਦਰੀ ਏਸੇ ਨੂੰ ਹੀ ਕਹਿੰਦੇ ਹਨ ਕਿ ਚੰਦ੍ਰਕਾਂਤਾ ਨੂੰ ਦੁਸ਼ਮਨ ਲਈ ਜਾਨ ਤੇ ਤੁਸੀਂ ਦੇਖਕੇ ਭੀ ਕੁਝ ਨ ਆਖੋ?" ਰਾਮ! ਰਾਮ! ਏਨੀ ਅਵਾਜ਼ ਕੰਨਾਂ ਵਿਚ ਪੈਂਦਿਆਂ ਹੀ ਕੁਮਾਰ ਨੇ ਅੱਖਾਂ ਖੋਹਲ ਦਿੱਤੀਆਂ ਅਰ ਘਬਰਾਕੇ ਬੋਲੇ ਕੌਣ ਲਈ ਜਾਂਦਾ ਹੈ? ਕਿਥੇ ਹੈ ਚੰਦ੍ਰਕਾਂਤਾ ਇਹ ਕਹਿਕੇ ਏਧਰ ਓਧਰ ਵੇਖਣ ਲਗ ਪਏ ਦੇਖਿਆ ਕਿ ਤੇਜ ਸਿੰਘ ਬੈਠਾ ਹੋਇਆ ਹੈ ਪੁਛਿਆ ਕਿ ਹੁਣ ਕੌਣ ਕਹਿੰਦਾ ਪਿਆ ਸੀ ਕਿ ਚੰਦ੍ਰਕਾਂਤਾ ਜੀਉਂਦੀ ਹੈ ਉਸਨੂੰ ਦੁਸ਼ਮਨ ਲਈ ਜਾਂਦੇ ਹਨ? ਤੇਜ ਸਿੰਘ ਨੇ ਕਿਹਾ ਮੈਂ ਕਹਿੰਦਾ ਸਾਂ ਅਰ ਸਚ ਕਹਿੰਦਾ ਸਾਂ ਕਿ ਕੁਮਾਰੀ ਜੀਉਂਦੀ ਹੈ ਅਰ ਦੁਸ਼ਮਨ ਉਸਨੂੰ ਚੁਰਾਕੇ ਲੈ ਗਏ ਹਨ ਅਰ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.